

ਸੰਵਾਦ-16 (ਜੁਲਾਈ-ਦਸੰਬਰ 2022) ISSN : 2395-1273 **www.sanvad.org**

# ਪੰਜਾਬੀ ਭਾਸ਼ਾਈ ਕੋਸ਼ਾਂ ਵਿਚ ਦੂਜੀਆਂ ਭਾਸ਼ਾਵਾਂ ਦੇ ਸ਼ਬਦ ਗ੍ਰਹਿਣ ਕਰਨ ਦੀ ਸਮੱਸਿਆ : ਵਿਭਿੰਨ ਪ੍ਰਸੰਗ

ਕਿਸੇ ਵੀ ਭਾਸ਼ਾਈ ਕੋਸ਼ ਦੇ ਨਿਰਮਾਣ ਦੀ ਪ੍ਰਕ੍ਰਿਆ ਸਰਲ ਤੇ ਸੌਖੀ ਹੋਣ ਦੀ ਥਾਂ ਬਹੁਤ ਹੀ ਜਟਿਲ ਤੇ ਜ਼ੋਖਮ ਸੁਭਾਅ ਵਾਲੀ ਹੁੰਦੀ ਹੈ। ਇਹ ਜਟਿਲਤਾ ਤੇ ਜ਼ੋਖਮ ਉਸ ਦੀ ਤਿਆਰੀ, ਪੱਧਰ ਤੇ ਪ੍ਰਕਾਰ ਤੋਂ ਲੈਂ ਕੇ ਸ਼ਬਦਾਵਲੀ ਦੀ ਚੋਣ, ਵਿਉਂਤਪਤੀ, ਸ਼ਬਦਾਂ ਦੀ ਕ੍ਰਮਬੱਧ ਤਰਤੀਬ, ਵਿਆਕਰਣਕ ਰੂਪਾਂ ਦੀ ਪਹਿਚਾਣ, ਸਮਰੂਪਤਾ ਦੀ ਸਮੱਸਿਆ, ਅਰਥ ਭੇਦ ਤੇ ਅਰਥ ਕ੍ਰਮ ਨੂੰ ਨਿਸ਼ਚਤ ਕਰਨ ਤੱਕ ਫੈਲੀ ਹੋਈ ਹੈ। ਭਾਵੇਂ ਅੱਜ ਕੋਸ਼ ਨਿਰਮਾਣ ਦੇ ਕੁਝ ਨੇਮ ਵੀ ਤਹਿ ਹੋ ਚੁੱਕੇ ਹਨ ਅਤੇ ਇਨ੍ਹਾਂ ਨੂੰ ਕੋਸ਼ ਵਿਗਿਆਨਕ ਵਿਧੀਆਂ ਰਾਹੀਂ ਹੱਲ ਕਰਨ ਦਾ ਆਧਾਰ ਵੀ ਪ੍ਰਾਪਤ ਹੈ ਪ੍ਰੰਤੂ ਇਸਦੇ ਬਾਵਜੂਦ ਵਿਹਾਰਕ ਪੱਧਰ 'ਤੇ ਅਜੇ ਵੀ ਕੋਸ਼ ਨਿਰਮਾਣ ਦੇ ਕਾਰਜ ਵਿਚ ਅਨੇਕ ਅਜਿਹੀਆਂ ਕਠਿਨਾਈਆਂ ਪੇਸ਼ ਆਉਂਦੀਆਂ ਹਨ ਜਿਨ੍ਹਾਂ ਦਾ ਸੁਨਿਸ਼ਚਿਤ ਹੱਲ ਕੱਢਣ ਦੀ ਲੋੜ ਹੈ।

ਦੇਸੀ ਭਾਸ਼ਾਵਾਂ ਵਿਚ ਪੰਜਾਬੀ ਆਧੁਨਿਕ ਭਾਸ਼ਾਵਾਂ ਵਿਚੋਂ ਇਕ ਮਹੱਤਵਪੂਰਨ ਭਾਸ਼ਾ ਹੈ ਜਿਸਦਾ ਦਸਤਾਵੇਜੀ ਇਤਿਹਾਸ ਨੌਵੀਂ-ਦਸਵੀਂ ਸਦੀ ਤੋਂ ਮਿਲਣਾ ਆਰੰਭ ਹੁੰਦਾ ਹੈ। ਇਕ ਗੱਲ ਭਾਸ਼ਾ ਵਿਗਿਆਨਕ ਨੁਕਤੇ ਤੋਂ ਬਿਲਕੁਲ ਸਪੱਸ਼ਟ ਤੇ ਪ੍ਰਮਾਣਿਕ ਹੈ ਕਿ ਪੰਜਾਬੀ ਭਾਰਤੀ ਆਰੀਆ ਪਰਿਵਾਰ ਦੀ ਬੋਲੀ ਹੈ। ਜਿਹੜੀ ਇਸ ਪਰਿਵਾਰ ਦੀਆਂ ਦੂਜੀਆਂ ਭਾਰਤੀ ਬੋਲੀਆਂ ਵਾਂਗ ਵੱਖ-ਵੱਖ ਯੁੱਗਾਂ ਅਤੇ ਪੜਾਵਾਂ ਵਿਚੋਂ ਦੀ ਗੁਜ਼ਰਦੀ ਹੋਈ ਆਧੁਨਿਕ ਰੂਪ ਵਿਚ ਵਿਕਸਿਤ ਹੋਈ ਹੈ। ਇਸ ਤੱਥ ਦੀ ਪੁਸ਼ਟੀ ਕਰਦਾ ਡਾ. ਪ੍ਰੇਮ ਪ੍ਰਕਾਸ਼ ਸਿੰਘ ਲਿਖਦਾ ਹੈ :

> ਪੰਜਾਬੀ ਦੇ ਪੂਰਾ ਇਤਿਹਾਸ ਅਧਿਐਨ ਤੋਂ ਕਮਾਲ ਦੀ ਇਹ ਗੱਲ ਝਲਕਦੀ ਹੈ ਕਿ ਭਾਰਤੀ ਆਰੀਆ ਪੂਰਾ ਭਾਸ਼ਾਵਾਂ ਦੇ ਅਰਥਾਤਮਕ ਤੱਤਾਂ/ਅਰਥੀਮਾਂ (Lexems) ਅਤੇ ਆਧੁਨਿਕ ਭਾਰਤੀ ਆਰੀਆ ਭਾਸ਼ਾਵਾਂ ਦੇ ਅਰਥੀਮਾਂ ਵਿਚ (ਸਣੇ ਪੰਜਾਬੀ ਅਰਥੀਮਾਂ ਦੇ) ਬਹੁਤ ਹੀ ਸੰਘਣੀ ਆਪਸੀ ਸਾਂਝ ਸਥਾਪਤ ਹੁੰਦੀ ਹੈ ਚਾਹੇ ਉਨ੍ਹਾਂ ਪ੍ਰਾਚੀਨ ਭਾਸ਼ਾਵਾਂ ਦੇ ਅਰਥੀਮਾਂ ਦੇ ਵਿਰਾਸਤੀ ਰੂਪਾਂ ਵਿਚ ਵੱਖ-ਵੱਖ ਇਲਾਕਿਆਂ ਦੇ ਅਨੁਸਾਰ ਧੁਨੀਆਤਮਕ ਪੱਧਰ 'ਤੇ ਵੱਖ-ਵੱਖ ਪਰਿਵਰਤਨ ਤੇ ਰੂਪਾਂਤਰਣ ਵਾਪਰੇ ਹਨ। ਪੰਜਾਬੀ ਦੇ ਬੁਨਿਆਦੀ ਅਰਥੀਮਕ ਭੰਡਾਰ ((basic lexical elements) ਬਾਰੇ ਵੀ ਇਹੋ ਸਿਧਾਂਤ ਸਥਾਪਨਾ ਲਾਗੂ ਹੁੰਦੀ ਹੈ।[1]



**ਡਾ ਅਕਵਿੰਦਰ ਕੌਰ ਤਨਵੀ**
ਪੰਜਾਬੀ ਕੋਸ਼ਕਾਰੀ ਵਿਭਾਗ
ਪੰਜਾਬ ਯੂਨੀਵਰਸਿਟੀ ਚੰਡੀਗੜ੍ਹ
62390-32525
dr.atanvi@gmail.com

ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਦਾ ਮੁੱਖ ਸਰੋਤ ਭਾਵੇਂ ਸੰਸਕ੍ਰਿਤ ਭਾਸ਼ਾ ਕਿਹਾ ਜਾਂਦਾ ਹੈ ਪਰ ਆਪਣੇ ਇਤਿਹਾਸਕ ਵਿਕਾਸ ਵਿਚ ਇਸ ਦਾ ਆਦਾਨ-ਪ੍ਰਦਾਨ ਵਿਦੇਸ਼ੀ ਭਾਸ਼ਾਵਾਂ ਨਾਲ ਵੀ ਹੁੰਦਾ ਰਿਹਾ ਹੈ। ਪੰਜਾਬੀ ਭਾਸ਼ਾ ਬਾਰੇ ਇਕ

ਗੱਲ ਪ੍ਰਚਲਿਤ ਹੈ ਕਿ ਸ਼ਬਦ ਗ੍ਰਹਿਣ ਕਰਨ ਦੇ ਪੱਧਰ 'ਤੇ ਇਸ ਦੀ ਪਾਚਨ ਸਮਰਥਾ ਬਹੁਤ ਨਰੋਈ ਹੈ। ਪੰਜਾਬੀ ਭਾਸ਼ਾ ਵਿਚ ਸ਼ਬਦਾਵਲੀ ਦਾ ਇਹ ਆਦਾਨ-ਪ੍ਰਦਾਨ ਤਤਸਮ ਅਤੇ ਤਤਭਵ ਦੋਵੇਂ ਰੂਪਾਂ ਵਿਚ ਹੋਇਆ ਹੈ। ਸ਼ਬਦਾਵਲੀ ਪੱਖੋਂ ਪੰਜਾਬੀ ਭਾਸ਼ਾ ਦੇ ਚਾਰ ਮੁੱਖ ਸਰੋਤ ਮੰਨੇ ਜਾਂਦੇ ਹਨ। ਪਹਿਲਾ ਸੰਸਕ੍ਰਿਤ ਤੇ ਫ਼ਾਰਸੀ, ਦੂਜਾ ਮੁੰਡਾ ਤੇ ਦਰਾਵੜ ਭਾਸ਼ਾਵਾਂ ਜੋ ਅਨਆਰੀਅਨ ਹਨ- ਪੰਜਾਬੀ ਭਾਸ਼ਾ ਵਿਚ ਟਵਰਗ ਅਤੇ /ੜ/ ਧੁਨੀਆਂ ਇਨ੍ਹਾਂ ਵਿਚੋਂ ਆਈਆਂ। ਤੀਸਰੀ ਅਰਬੀ ਭਾਸ਼ਾ ਜਿਹੜੀ ਆਪਣੇ ਮੂਲ ਵਿਚ ਸਾਮੀ ਭਾਸ਼ਾ ਹੈ। ਧਾਰਮਿਕ, ਰਾਜਨੀਤਿਕ, ਸਮਾਜਿਕ ਤੇ ਸਾਹਿਤਕ ਪ੍ਰਭਾਵਾਂ ਅਧੀਨ ਪੰਜਾਬੀ ਭਾਸ਼ਾ ਵਿਚ ਸੰਸਕ੍ਰਿਤ ਤੋਂ ਬਾਦ ਜੇ ਕਿਸੇ ਹੋਰ ਭਾਸ਼ਾ ਦੀ ਸ਼ਬਦਾਵਲੀ ਬਾਫਰ ਰੂਪ ਵਿਚ ਆਈ ਹੈ ਤਾਂ ਉਹ ਅਰਬੀ-ਫ਼ਾਰਸੀ ਭਾਸ਼ਾ ਹੈ। ਸੰਤ ਸਿੰਘ ਸੇਖੋਂ ਨੇ ਆਪਣੀ ਪੁਸਤਕ '**ਪੰਜਾਬੀ ਬੋਲੀ ਦਾ ਇਤਿਹਾਸ**'[2] ਵਿਚ ਮੱਧਕਾਲੀ ਸਾਹਿਤ ਦੇ ਸਮੂਹ ਸਾਹਿਤਕ ਰੂਪਾਂ ਦਾ ਅਧਿਐਨ ਕਰਕੇ ਅਰਬੀ-ਫ਼ਾਰਸੀ ਸ਼ਬਦਾਵਲੀ ਦੀਆਂ ਧਾਰਮਿਕ, ਸਦਾਚਾਰ, ਰਾਜ ਪ੍ਰਬੰਧ, ਲਿੰਗ ਸੰਬੰਧ, ਇਲਮ-ਹੁਨਰ ਆਦਿ ਨਾਲ ਸੰਬੰਧਿਤ ਸ਼ਬਦਾਵਲੀ ਦੀਆਂ ਕੋਟੀਆਂ ਤਿਆਰ ਕੀਤੀਆਂ ਹਨ। ਜਿਨ੍ਹਾਂ ਵਿਚ ਉਸ ਨੇ ਇਨ੍ਹਾਂ ਭਾਸ਼ਾਵਾਂ ਵਿਚੋਂ ਪੰਜਾਬੀ ਭਾਸ਼ਾ ਵਿਚ ਤਤਸਮ ਤੇ ਤਤਭਵ ਰੂਪ ਵਿਚ ਪ੍ਰਵੇਸ਼ ਕਰ ਚੁੱਕੇ ਸ਼ਬਦਾਂ ਦੀ ਪਹਿਚਾਣ ਕਰਵਾਉਂਦਿਆਂ ਇਹ ਧਾਰਨਾ ਪ੍ਰਸਤੁਤ ਕੀਤੀ ਹੈ ਕਿ ਪੰਜਾਬੀ ਭਾਸ਼ਾ ਦੀ ਕੁੱਲ ਸ਼ਬਦਾਵਲੀ ਦਾ ਦਸ ਫੀਸਦੀ ਸ਼ਬਦ ਭੰਡਾਰ ਅਰਬੀ-ਫ਼ਾਰਸੀ ਵਿਚੋਂ ਆਇਆ ਹੈ। ਨਮੂਨੇ ਦੇ ਤੌਰ 'ਤੇ ਕੁਝ ਕੁ ਸ਼ਬਦਾਂ ਨੂੰ ਹੇਠਾਂ ਦਿੱਤਾ ਜਾ ਰਿਹਾ ਹੈ।

**ਧਾਰਮਿਕ ਸ਼ਬਦਾਵਲੀ** :

| | | | |
|---|---|---|---|
| ਅਕੀਦਾ | ਨਿਆਜ਼ | ਕੁਦਰਤ | |
| ਫ਼ਿਰਕਾ | ਗੁਨਾਹ | ਪਰਵਰਦਗਾਰ | |
| ਗੁਨਾਹਗਾਰ | ਰੱਬ | ਦੋਜ਼ਖ਼ | |
| ਬਖ਼ਸ਼ਿਸ਼ | ਨਮਾਜ਼ | ਬੰਦਗੀ | |
| ਅਰਦਾਸ | ਰਮਜ਼ | ਅਜ਼ਾਨ | |
| ਵਜੂਦ | ਇਮਾਨ | ਵਜੀਫ਼ਾ | |
| ਸਬਰ | ਸ਼ਹੀਦ | ਸਬੂਰੀ | |
| ਖ਼ਲੀਫ਼ਾ | ਹਕੀਕਤ | ਖ਼ੁਦਾਈ | |
| ਕਰਾਮਾਤ | ਖ਼ੁਲਾਸੀ | ਕਮਾਲ | |
| ਜ਼ਾਹਿਰ | ਕਿਆਮਤ | ਜ਼ਿਕਰ | ਆਦਿ। |

**ਸਦਾਚਾਰਕ ਸ਼ਬਦਾਵਲੀ** :

| | | | |
|---|---|---|---|
| ਅਸਲੀ | ਅਹਮੀਅਤ | ਅਮਲ | |
| ਅੰਜਾਮ | ਆਬਰੂ | ਇਕਰਾਰ | |
| ਇਨਕਾਰ | ਇਨਸਾਨੀਅਤ | ਇਲਜ਼ਾਮ | |
| ਇੱਜ਼ਤ | ਇੰਤਕਾਮ | ਸਲੀਕਾ | |
| ਸਖ਼ੀ | ਸਾਦਾ | ਸਾਫ਼ | |
| ਸੂਰਤ | ਸੰਜੀਦਾ | ਹਲੀਮੀ | |
| ਹਯਾ | ਹਵਸ | ਹਿਰਸ | |
| ਹੌਂਸਲਾ | ਕਸੂਰ | ਕੁਰਖ਼ਤ | |
| ਕੋਸ਼ਿਸ਼ | ਚੁਗ਼ਲ | ਜ਼ਹਾਲਤ | |
| ਨਰਮ | ਨਜ਼ਾਕਤ | ਪਰੇਸ਼ਾਨ | ਆਦਿ। |

**ਰਾਜ ਪ੍ਰਬੰਧ ਨਾਲ ਸੰਬੰਧਿਤ ਸ਼ਬਦਾਵਲੀ** :

| | | |
|---|---|---|
| ਅਦਾਲਤ | ਅਦੂਲੀ | ਅਮਲਾ |
| ਅਰਜ਼ੀ | ਅਰਜ਼ੀ-ਨਵੀਸ | ਅਲਮਬਰਦਾਰ |
| ਇਸਤੀਫ਼ਾ | ਇਕਬਾਲ | ਇਤਲਾਹ |

| | | | |
|---|---|---|---|
| ਇਨਕਲਾਬ | ਇਨਸਾਫ਼ | ਸਪੁਰਦਗੀ | |
| ਸਰਕਾਰ | ਸਰਦਾਰ | ਸਲਾਹ | |
| ਸਵਾਰ | ਸਵਾਲ | ਸਜ਼ਾ | |
| ਸਿਪਾਹੀ | ਸੁਲਤਾਨ | ਕਾਰਗੁਜ਼ਾਰੀ | |
| ਗਸ਼ਤ | ਜਲਸਾ | ਜਲੂਸ | |
| ਮੁਨਸ਼ੀ | ਮੁਰਬਾਬੰਦੀ | ਵਸੀਅਤ | |
| ਵਕਾਲਤਨਾਮਾ | ਵਕੀਲ | ਵਰਾਸਤ | ਆਦਿ। |

**ਲਿੰਗ-ਸੰਬੰਧ ਨਾਲ ਸੰਬੰਧਿਤ ਸ਼ਬਦਾਵਲੀ** :

| | | | |
|---|---|---|---|
| ਉਲਫ਼ਤ | ਉਲਾਦ | ਅਦਾ | |
| ਇਕਰਾਰ | ਇੰਤਜ਼ਾਰ | ਔਰਤ | |
| ਸਰੂਰ | ਹਮਰਾਜ਼ | ਗਰਮਜੋਸ਼ੀ | |
| ਦਿਲਦਾਰ | ਤਲਾਕ | ਨਜ਼ਾਕਤ | |
| ਬੀਵੀ | ਬੁਰਕਾ | ਬੋਸਾ | |
| ਮਾਸ਼ੂਕ | ਮਹਿਬੂਬ | ਮੀਆਂ | |
| ਵਿਸ਼ਾਲ | ਜ਼ਨਾਨੀ | ਫ਼ਿਦਾ | ਆਦਿ। |

**ਇਲਮ-ਹੁਨਰ ਨਾਲ ਸੰਬੰਧਿਤ ਸ਼ਬਦਾਵਲੀ** :

| | | | |
|---|---|---|---|
| ਉਸਤਾਦ | ਅਦਬ | ਅਖ਼ਬਾਰ | |
| ਅਲਜ਼ਬਰਾ | ਇਮਾਰਤ | ਸੀਹਰਫ਼ੀ | |
| ਕਮਾਲ | ਕਾਰਖ਼ਾਨਾ | ਕਾਰੀਗਰ | |
| ਕਾਗਜ਼ | ਕਿਤਾਬ | ਚਸ਼ਮਾ | |
| ਤਸਵੀਰ | ਤਰਕੀਬ | ਤਖ਼ਤੀ | |
| ਤੀਰਅੰਦਾਜ਼ | ਨਜ਼ਮ | ਮਦਰਸਾ | |
| ਮੁਜ਼ਰਾ | ਰੁਕਾ | ਖ਼ੁਸ਼ਖ਼ਤੀ | ਆਦਿ। |

ਚੌਥਾ ਸਰੋਤ ਯੂਰਪੀ ਭਾਸ਼ਾਵਾਂ ਦਾ ਹੈ ਜਿਨ੍ਹਾਂ ਵਿਚ ਫ਼ਰਾਂਸੀਸੀ, ਲਾਤੀਨੀ, ਪੁਰਤਗਾਲੀ, ਡੱਚ ਤੇ ਅੰਗਰੇਜ਼ੀ ਆਦਿ ਭਾਸ਼ਾਵਾਂ ਸ਼ਾਮਲ ਹਨ। ਆਰਮੀ, ਚਿਮਨੀ, ਐਂਟਰੀ, ਨੇਵੀ, ਪਤਲੂਨ, ਟੇਬਲ ਆਦਿ ਸ਼ਬਦ ਫ਼ਰਾਂਸੀਸੀ ਭਾਸ਼ਾ ਵਿਚੋਂ ਆਏ ਹਨ। ਕਾਂਗਰਸ, ਸਰਕਸ, ਡਾਇਰੀ, ਪਲੇਗ, ਏਜੰਟ ਆਦਿ ਸ਼ਬਦ ਲਾਤੀਨੀ ਭਾਸ਼ਾ ਨਾਲ ਸੰਬੰਧਿਤ ਹਨ। ਪੈਸਾ, ਅਲਮਾਰੀ, ਸੰਤਰਾ, ਕਮਰਾ, ਆਚਾਰ, ਗੋਭੀ, ਪਰਾਤ, ਪੀਪਾ, ਬਾਲਟੀ, ਕਮੀਜ਼, ਫੀਤਾ, ਮੇਜ਼, ਤੌਲੀਆ, ਬਿਸਕੁਟ, ਸਲਾਦ, ਕਾਜੂ ਆਦਿ ਸ਼ਬਦ ਜਿਹੜੇ ਦੇਖਣ, ਸੁਣਨ ਅਤੇ ਵਰਤਣ ਵਿਚ ਠੇਠ ਪੰਜਾਬੀ ਪ੍ਰਤੀਤ ਹੁੰਦੇ ਹਨ ਇਹ ਪੁਰਤਗਾਲੀ ਭਾਸ਼ਾ ਵਿਚੋਂ ਆਏ ਹਨ ਕਿਉਂਕਿ ਭਾਰਤ ਉੱਤੇ ਅੰਗਰੇਜ਼ੀ ਸਾਮਰਾਜ ਦਾ ਲੰਮੇ ਸਮੇਂ ਤੱਕ ਰਾਜ ਰਿਹਾ, ਰਾਜ ਪ੍ਰਬੰਧ, ਰਾਜਨੀਤੀ, ਉਦਯੋਗ, ਵਪਾਰ, ਧਰਮ, ਸਾਹਿਤ, ਸਭਿਆਚਾਰ ਅਤੇ ਹੋਰ ਕਿਤਿਆਂ ਵਿਚ ਅੰਗਰੇਜ਼ ਤੇ ਯੂਰਪੀਨ ਅਫ਼ਸਰਾਂ ਦਾ ਸਾਡੇ ਲੋਕਾਂ ਨਾਲ ਸਿੱਧਾ ਵਾਹ-ਵਾਸਤਾ ਰਿਹਾ, ਕੁਦਰਤੀ ਹੈ ਕਿ ਇਨ੍ਹਾਂ ਦੀ ਭਾਸ਼ਾ ਦੀ ਬਹੁਤ ਸਾਰੀ ਸ਼ਬਦਾਵਲੀ ਪੰਜਾਬੀ ਭਾਸ਼ਾ ਵਿਚ ਤਤਸਮ ਤੇ ਤਤਭਵ ਰੂਪ ਵਿਚ ਸ਼ਾਮਲ ਹੋ ਗਈ।

ਸੰਤ ਸਿੰਘ ਸੇਖੋਂ ਦੁਆਰਾ ਆਪਣੀ ਉਪਰੋਕਤ ਪੁਸਤਕ ਵਿਚ ਅੰਗਰੇਜ਼ੀ ਤੇ ਹੋਰ ਯੂਰਪੀਅਨ ਸ਼ਬਦ ਜੋ ਪੰਜਾਬੀ ਬੋਲੀ ਵਿਚ ਉਸ ਸਮੇਂ ਆਏ ਉਨ੍ਹਾਂ ਦੀ ਸੂਚੀ ਵੀ ਦਿੱਤੀ ਗਈ ਹੈਂ।[3] ਜਿਵੇਂ:

1. **ਰਾਜ ਪ੍ਰਬੰਧ ਵਿਚ** :

| | | | |
|---|---|---|---|
| ਲਾਟ (ਲਾਰਡ), | ਗਵਰਨਰ, | ਕਮਿਸ਼ਨਰ, | |
| ਸਕੱਤਰ (ਸੈਕਰੇਟਰੀ) | ਕਲਰਕ | ਅਫਸਰ (Officer) | |
| ਜੱਜ | ਸ਼ੈਸਨ ਜੱਜ | ਪੁਲਿਸ | |
| ਇਨਕਮ ਟੈਕਸ | ਡਿਊਟੀ | ਅਸ਼ਟਾਮ (Stamp) | |
| ਫਾਈਲ | ਰਜਿਸਟਰੀ | ਬੋਰਡ | ਆਦਿ। |

2. **ਵਿਦਿਆ ਤੇ ਹੋਰ ਬੌਧਿਕ ਖੇਤਰਾਂ ਵਿਚ :**

| | | | |
|---|---|---|---|
| ਡਾਇਰੈਕਟਰ | ਇੰਸਪੈਕਟਰ | ਮਾਸਟਰ | |
| ਹੈਡਮਾਸਟਰ | ਪ੍ਰਿੰਸੀਪਲ | ਕਾਲਜ | |
| ਸਕੂਲ | ਯੂਨੀਵਰਸਿਟੀ | ਸੈਨਿਟ | |
| ਸਿੰਡੀਕੇਟ | ਫੈਲੋ | ਪ੍ਰੋਫ਼ੈਸਰ | |
| ਫ਼ੀਸ | ਸਰਟੀਫਿਕੇਟ | ਡਾਕਟਰ | |
| ਸਿਵਲ ਸਰਜਨ | ਹਸਪਤਾਲ | ਕੰਪੋਡਰ | |
| ਨਰਸ | ਡਿਗਰੀ | ਹੋਸਟਲ | ਆਦਿ। |

3 **ਫ਼ੌਜੀ ਪ੍ਰਬੰਧ :**

| | | | |
|---|---|---|---|
| ਜਰਨੈਲ (ਜਰਨਲ) | ਕਰਨੈਲ (ਕਰਨਲ) | ਲਫਟੈਂਣ (Lieutenant) | |
| ਸਾਰਜੈਂਟ | ਸੰਤਰੀ | ਪਰੇਡ | |
| ਰਫ਼ਲ (Rifle) | ਪਸਤੌਲ | ਬੰਬ | |
| ਕਾਰਤੂਸ | ਗਾਰਦ | ਸਲੂਟ | ਆਦਿ। |

4 **ਉਦਯੋਗ :**

| | | | |
|---|---|---|---|
| ਮਸ਼ੀਨ | ਰੇਲਵੇ | ਇੰਜਣ | |
| ਡਰਾਈਵਰ | ਗਾਰਡ | ਕੰਡਕਟਰ | |
| ਸਟੇਸ਼ਨ | ਪਲੇਟਫ਼ਾਰਮ | ਟਿਕਟ | |
| ਫ਼ਸਟ ਕਲਾਸ | ਸੈਕਿੰਡ ਕਲਾਸ | ਵਿਸਲ | |
| ਸਿਗਨਲ | ਮੋਟਰ | ਕਾਰ | |
| ਲਾਰੀ | ਹੈਂਡਲ | ਹਾਰਨ | |
| ਬਰੇਕ | ਪੈਟਰੋਲ | ਸੀਟ | |
| ਮਿੱਲ | ਬੋਤਲ | ਫੋਰਮੈਨ | |
| ਯੂਨੀਅਨ | ਓਵਰਟੈਮ | ਕਾਰਡ | |
| ਮਨੀਆਰਡਰ | ਫੋਨ | ਕਮਿਸ਼ਨ | |
| ਬੈਂਕ | ਡਰਾਫਟ | ਪਾਸ ਬੁੱਕ | ਆਦਿ। |

5. **ਰਹਿਣੀ-ਬਹਿਣੀ :**

| | | | |
|---|---|---|---|
| ਕਮੀਜ਼ | ਕੋਟ | ਵਾਸਕਟ | |
| ਸਵਾਟਰ | ਜੈਂਪਰ | ਬਟਨ | |
| ਰਿਬਨ | ਸ਼ਾਲ | ਹੈਟ | |
| ਕਰੀਮ | ਪਾਊਡਰ | ਸੂਟ | |
| ਬੁਰਸ਼ | ਬੂਟ | ਸੈਂਡਲ | |
| ਸਲੀਪਰ | ਪਾਲਿਸ਼ | ਫਰਨੀਚਰ | |
| ਕਾਫ਼ੀ | ਵਿਸਕੀ | ਬਰਾਂਡੀ | |
| ਰੰਮ | ਆਮਲੇਟ | ਪਲੇਟ | |
| ਹੋਟਲ | ਬੈਰਾ | ਕਾਪੀ | |
| ਪੈੱਨ | ਪੈਨਸਿਲ | ਰਜਿਸਟਰ | |
| ਸਟੋਵ | ਲੈਂਪ | ਲਾਲਟੈਨ | |
| ਟਾਈਮਪੀਸ | ਚਿਮਨੀ | ਗੈਲਰੀ | ਆਦਿ। |

6. **ਸਭਿਆਚਾਰ ਤੇ ਸਾਹਿਤ :**

| | | |
|---|---|---|
| ਨਾਵਲ | ਮੈਗਜ਼ੀਨ | ਡਰਾਮਾ |
| ਸਟੇਜ | ਸਿਨੇਮਾ | ਫ਼ਿਲਮ |

| | | | |
|---|---|---|---|
| ਐਕਟਰ | ਐਕਟਰਸ | ਹੀਰੋ | |
| ਹੀਰੋਅਨ | ਹਰਮੋਨੀਅਮ | ਬੈਂਡ | ਆਦਿ। |

7 **ਰਾਜਨੀਤੀ** :

| | | |
|---|---|---|
| ਸੋਸ਼ਲਿਜ਼ਮ | ਕੌਮਨਿਸਟ | ਪਾਰਟੀ |
| ਲੀਡਰ | ਪ੍ਰਾਪੇਗੰਡਾ | ਵੋਟ |
| ਪੋਲਿੰਗ | ਕਾਂਗਰਸ | ਕਾਨਫਰੰਸ |
| ਮੀਟਿੰਗ | ਲੀਗ | ਸੁਸਾਇਟੀ ਆਦਿ। |

ਇਉਂ ਸ਼ਬਦ ਭੰਡਾਰ ਪੱਖੋਂ ਪੰਜਾਬੀ ਭਾਸ਼ਾ ਦੀ ਦੂਜੀਆਂ ਭਾਸ਼ਾਵਾਂ ਵਿਚੋਂ ਗ੍ਰਹਿਣ ਕਰਨ ਦੀ ਸਮਰੱਥਾ ਲਾਜਵਾਬ ਹੈ। ਦੂਜੀਆਂ ਭਾਸ਼ਾਵਾਂ ਦੀ ਅਜਿਹੀ ਸ਼ਬਦਾਵਲੀ ਜਿਹੜੀ ਤਤਸਮ ਜਾਂ ਤਤਭਵ ਰੂਪ ਵਿਚ ਪੰਜਾਬੀ ਲੋਕ ਜੀਵਨ ਵਿਚ ਪ੍ਰਚਲਿਤ ਹੈ ਅਤੇ ਉਹ ਸਥਿਰ ਵੀ ਹੋ ਚੁੱਕੀ ਹੈ। ਉਸ ਸ਼ਬਦਾਵਲੀ ਨੂੰ ਪੰਜਾਬੀ ਕੋਸ਼ ਤਿਆਰ ਕਰਦੇ ਹੋਏ ਉਸ ਵਿਚ ਸ਼ਾਮਲ ਕਰ ਲੈਣ ਵਿਚ ਕੋਈ ਕਿੰਤੂ ਪਰੰਤੂ ਨਹੀਂ ਹੋਣਾ ਚਾਹੀਦਾ।

ਪ੍ਰੰਤੂ ਅੱਜ ਵਿਸ਼ਵੀਕਰਨ ਦੇ ਦੌਰ ਵਿਚ ਜਦੋਂ ਇਕ ਪਾਸੇ ਵਿਸ਼ਵੀ ਆਰਥਿਕਤਾ, ਵਿਸ਼ਵੀ ਮੰਡੀ ਅਤੇ ਵਿਸ਼ਵ ਵਪਾਰ ਆਪਣਾ ਪਾਸਾਰ ਵਿਸ਼ਵ ਦੇ ਕੋਨੇ-ਕੋਨੇ ਤੱਕ ਕਰ ਚੁੱਕਾ ਹੈ ਅਤੇ ਇਸ ਦੇ ਪ੍ਰਚਾਰ ਲਈ ਬਿਜਲਈ ਸੰਚਾਰ ਸਾਧਨ ਚੌਵੀ-ਚੌਵੀ ਘੰਟੇ ਇਨ੍ਹਾਂ ਦਾ ਪ੍ਰਚਾਰ ਕਰ ਰਹੇ ਹਨ ਅਤੇ ਇਸ ਦੇ ਨਾਲ-ਨਾਲ ਤਕਨਾਲੋਜੀ ਦੇ ਖੇਤਰ ਵਿਚ ਵੀ ਨਵੀਆਂ ਚੀਜ਼ਾਂ, ਨਵੇਂ ਸੰਦ ਤੇ ਨਵੇਂ ਇੰਸਟਰੂਮੈਂਟ (Instrument) ਆ ਰਹੇ ਹਨ ਤਾਂ ਇਕ ਤਰ੍ਹਾਂ ਨਾਲ ਅੰਤਰ-ਰਾਸ਼ਟਰੀ ਭਾਸ਼ਾਵਾਂ ਦੇ ਸ਼ਬਦਾਂ ਦਾ ਵੀ ਵਿਸ਼ਵੀ ਪੱਧਰ 'ਤੇ ਪਾਸਾਰ ਹੋ ਰਿਹਾ ਹੈ। ਅਜਿਹੀ ਸਥਿਤੀ ਵਿਚ ਨਵੀਂ ਆ ਰਹੀ ਸ਼ਬਦਾਵਲੀ ਨੂੰ ਪੰਜਾਬੀ ਕੋਸ਼ਾਂ ਵਿਚ ਸ਼ਾਮਲ ਕੀਤੇ ਜਾਣ ਦੀ ਸਮੱਸਿਆ ਸਾਹਮਣੇ ਆਉਂਦੀ ਹੈ- ਸੁਆਲ ਪੈਂਦਾ ਹੁੰਦਾ ਹੈ ਕਿ ਇਸ ਸਮੱਸਿਆ ਨੂੰ ਕਿਵੇਂ ਨਜਿੱਠਿਆ ਜਾਵੇ ? ਇਸ ਦਾ ਹੱਲ ਇਹ ਹੈ:

1) ਅਜਿਹੀ ਸ਼ਬਦਾਵਲੀ ਦੇ ਮੁਕਾਬਲੇ ਵਿਚ ਪੰਜਾਬੀ ਭਾਸ਼ਾ ਜਾਂ ਭਾਰਤੀ ਆਰੀਆ ਭਾਸ਼ਾਵਾਂ ਦੇ ਮੁੱਖ ਅਰਥੀਮਾਂ ਵਿਚਲੀ ਸਾਂਝ ਰਾਹੀਂ ਇਨ੍ਹਾਂ ਨੂੰ ਪੰਜਾਬੀ ਭਾਸ਼ਾ ਦੇ ਮੁਹਾਵਰੇ ਅਨੁਸਾਰ ਢਾਲ ਕੇ, ਉਸ ਦਾ ਤਤਭਵ ਰੂਪ ਤਿਆਰ ਕੀਤਾ ਜਾਵੇ। ਜੇ ਉਸ ਸ਼ਬਦ ਦੇ ਅਰਥ ਜਾਂ ਭਾਵ ਵਿਚ ਕੋਈ ਸਮਰੂਪਤਾ ਨਜ਼ਰ ਨਹੀਂ ਆਉਂਦੀ ਤਾਂ ਉਸ ਸ਼ਬਦ ਨੂੰ ਤਤਸਮ ਰੂਪ ਵਿਚ ਸਵੀਕਾਰ ਕੀਤਾ ਜਾਵੇ।
2) ਸਾਡੇ ਇਲੈਕਟੋਨਿਕ ਮੀਡੀਏ ਤੋਂ ਜੋ ਪੰਜਾਬੀ ਵਿਚ ਖ਼ਬਰਾਂ ਜਾਂ ਦੂਜੇ ਪ੍ਰੋਗਰਾਮ ਦਿਖਾਏ ਜਾਂਦੇ ਹਨ, ਉਨ੍ਹਾਂ ਵਿਚ ਵਰਤੀ ਜਾ ਰਹੀ ਨਵੀਂ ਸ਼ਬਦਾਵਲੀ ਦੀ ਪਹਿਚਾਣ ਕੀਤੀ ਜਾਵੇ ਅਤੇ ਆਮ ਲੋਕਾਂ ਵਿਚ ਜਾ ਕੇ ਇਹ ਵੇਖਿਆ ਜਾਵੇ ਕਿ ਉਹ ਇਸ ਨਵੀ ਸ਼ਬਦਾਵਲੀ ਦੇ ਅਰਥ ਨੂੰ ਸਮਝਦੇ ਹਨ ਜਾਂ ਨਹੀਂ।
3) ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਹੋ ਰਹੀ ਹੈ ਜਾਂ ਨਹੀਂ।

ਦੂਜੇ ਅਰਥਾਂ ਵਿਚ ਅਜਿਹੀ ਨਵੀਂ ਸ਼ਬਦਾਵਲੀ ਦੇ ਪ੍ਰਚਲਨ, ਉਸ ਦੀ ਲੋਕਾਂ ਦੁਆਰਾ ਸਵੀਕ੍ਰਿਤੀ ਅਤੇ ਭਾਸ਼ਾ ਵਿਚ ਉਨ੍ਹਾਂ ਸ਼ਬਦਾਂ ਦੇ ਸਥਿਰ ਹੋਣ ਤੋਂ ਬਾਅਦ ਅਜਿਹੀ ਨਵੀਂ ਸ਼ਬਦਾਵਲੀ ਨੂੰ ਪੰਜਾਬੀ ਕੋਸ਼ਾਂ ਵਿਚ ਦਰਜ ਕੀਤਾ ਜਾਵੇ। ਇਸ ਦਾ ਇਕ ਢੰਗ ਇਹ ਵੀ ਹੈਂ ਕਿ 'Advanced Oxford Dictionary' ਜਾਂ ਅੰਗਰੇਜ਼ੀ ਦੇ ਦੂਸਰੇ ਕੋਸ਼ਾਂ ਵਾਂਗ, ਅਜਿਹੀ ਨਵੀਂ ਸ਼ਬਦਾਵਲੀ ਨੂੰ ਪਰਿਸ਼ਿਸ਼ਟ ਵਿਚ ਦਰਜ ਕਰਕੇ ਉਨ੍ਹਾਂ ਸ਼ਬਦਾਂ ਦੇ ਪ੍ਰਚਲਨ, ਸਵੀਕ੍ਰਿਤੀ ਤੇ ਸਥਿਰਤਾ ਦੀ ਉਡੀਕ ਕੀਤੀ ਜਾਵੇ।

ਪੰਜਾਬੀ ਭਾਸ਼ਾ ਵਿਚ ਕੋਸ਼ ਨਿਰਮਾਣ ਦੀਆਂ ਕੁਝ ਆਪਣੀਆਂ ਹੋਰ ਵੀ ਸਮੱਸਿਆਵਾਂ ਹਨ। ਪਿਛਲੇ ਸਾਲਾਂ ਵਿਚ ਪੰਜਾਬੀ ਭਾਸ਼ਾ ਵਿਚ ਜਿੰਨੇ ਵੀ ਇਕ ਭਾਸ਼ਾਈ ਜਾਂ ਦੋ ਭਾਸ਼ਾਈ ਕੋਸ਼ ਤਿਆਰ ਕੀਤੇ ਗਏ ਹਨ, ਇਨ੍ਹਾਂ ਦੀ ਤਿਆਰੀ ਨਿੱਜੀ ਪੱਧਰ ਉਤੇ ਵੀ ਹੋਈ ਹੈ ਅਤੇ ਸੰਸਥਾਈ ਪੱਧਰ ਉਤੇ ਵੀ। ਪ੍ਰੰਤੂ ਇਕ ਗੱਲ ਸੱਚ ਹੈ ਕਿ ਇਨ੍ਹਾਂ ਕੋਸ਼ਾਂ ਵਿਚ ਜਿਹੜੀ ਸ਼ਬਦ ਚੋਣ ਹੋਈ ਹੈ, ਉਹ ਕਿਸੇ ਵੀ ਤਰ੍ਹਾਂ ਦੀ ਖੋਜ ਤੇ ਖੇਤਰੀ ਕਾਰਜ ਤੋਂ ਬਿਨ੍ਹਾਂ ਹੋਈ ਹੈ। ਦੂਜੇ ਬਹੁਤ ਵਾਰੀ ਕੋਸ਼ ਦੇ ਪ੍ਰਯੋਜਨ, ਪੱਧਰ ਅਤੇ ਵਰਤੋਂ ਕਰਤਾ ਦੀ ਲੋੜ ਨੂੰ ਵੀ ਧਿਆਨ ਵਿਚ ਨਹੀਂ ਰੱਖਿਆ ਜਾਂਦਾ। ਸ਼ਬਦ ਚੋਣ ਦਾ ਤਰੀਕਾ ਪਹਿਲਾਂ ਤਿਆਰ ਹੋਏ ਕੋਸ਼ਾਂ ਵਿਚੋਂ ਸ਼ਬਦਾਂ ਦੀ ਚੋਣ ਦਾ ਰਿਹਾ ਹੈ ਅਤੇ ਨਵੀ ਸ਼ਬਦਾਵਲੀ ਲਈ ਹਿੰਦੀ ਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਤਿਆਰ ਕੋਸ਼ਾਂ ਦਾ ਸਹਾਰਾ ਲਿਆ ਗਿਆ ਹੈ। ਇਹੀ ਕਾਰਨ ਹੈ ਕਿ ਇਨ੍ਹਾਂ ਕੋਸ਼ਾਂ ਵਿਚ ਜਾਂ ਤਾਂ ਬੇਲੋੜੇ ਸ਼ਬਦਾਂ ਦੀ ਭਰਤੀ ਕੀਤੀ ਗਈ ਹੈ ਜਾਂ ਬਹੁਤ ਸਾਰੇ ਪ੍ਰਚਲਿਤ ਤੇ ਨਵੇਂ ਵਰਤੋਂ ਵਿਚ ਆ ਰਹੇ ਸ਼ਬਦਾਂ ਨੂੰ ਅਣਗੌਲ਼ਿਆ ਕੀਤਾ ਗਿਆ ਹੈ। ਵਿਸ਼ਵੀਕਰਨ ਦੇ ਪ੍ਰਭਾਵ

ਅਧੀਨ ਵਿਕਸਤ ਹੋ ਰਹੇ ਖਪਤ ਸਭਿਆਚਾਰ (Consumer Culture), ਨਵੀਂ ਆ ਰਹੀ ਤਕਨਾਲੋਜੀ ਅਤੇ ਨਵਾਂ ਪੈਦਾ ਹੋ ਰਿਹਾ ਗਿਆਨ, ਨਵੀਂ ਸ਼ਬਦਾਵਲੀ ਤੇ ਨਵੇਂ ਸਕੰਲਪ ਆ ਰਹੇ ਹਨ। ਇਨ੍ਹਾਂ ਨਵੇਂ ਸ਼ਬਦਾਂ ਨੂੰ ਪੰਜਾਬੀ ਭਾਸ਼ਾ ਵਿਚ ਕਿਵੇਂ ਸ਼ਾਮਲ ਕੀਤਾ ਜਾਵੇ, ਇਸ ਲਈ ਵੀ ਸਾਡੇ ਕੋਲ ਅਜੇ ਤੱਕ ਕੋਈ ਪ੍ਰਮਾਣਿਕ ਵਿਧੀ ਨਹੀਂ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ **ਪੰਜਾਬੀ-ਅੰਗ੍ਰੇਜ਼ੀ ਕੋਸ਼** ਦੇ ਤਿੰਨ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਇਹ ਕੋਸ਼ ਪਹਿਲੀ ਵਾਰ 1994 ਵਿਚ ਪ੍ਰਕਾਸ਼ਿਤ ਹੋਇਆ ਤੇ ਇਸ ਵਿਚ ਲਗਭਗ ਚਾਲੀ ਹਜ਼ਾਰ ਸ਼ਬਦ, ਵਾਕਾਂਸ਼ ਤੇ ਮੁਹਾਵਰੇ ਆਦਿ ਗੁਰਮੁਖੀ ਅੱਖਰ-ਕ੍ਰਮ ਅਨੁਸਾਰ ਦਰਜ ਕੀਤੇ ਗਏ । ਇਸ ਕੋਸ਼ ਵਿਚ ਜਿਥੇ ਅਰਬੀ-ਫ਼ਾਰਸੀ ਦੇ ਅਨੇਕਾਂ ਪ੍ਰਚਲਤ ਸ਼ਬਦ ਪਾਏ ਗਏ ਹਨ, ਉਥੇ ਅੰਗਰੇਜ਼ੀ ਭਾਸ਼ਾ ਦੇ ਛੇ ਸੌ ਤੋਂ ਉੱਤੇ ਸ਼ਬਦ ਤਤਸਮ ਰੂਪ ਵਿਚ ਪਾਏ ਗਏ ਹਨ। ਇਨ੍ਹਾਂ ਸ਼ਬਦਾਂ ਵਿਚ ਕਾਫ਼ੀ ਸ਼ਬਦ ਤਾਂ ਪੰਜਾਬੀ ਸ਼ਬਦ ਭੰਡਾਰ ਵਿਚ ਪ੍ਰਚਲਤ ਵੀ ਹਨ ਅਤੇ ਤਤਸਮ ਰੂਪ ਵਿਚ ਸਵੀਕਾਰੇ ਵੀ ਗਏ ਹਨ, ਜਿਵੇਂ :

| | |
|---|---|
| ਕਾਰਡ | card |
| ਕਾਰਪੋਰੇਸ਼ਨ | corporation |
| ਸੋਡਾ | soda |
| ਗ਼ਜਟ | gazette |
| ਗਲੈਸਰੀਨ | glycerine |
| ਗਰਿਲ | grill |
| ਗੈਸ | gas |
| ਗਾਰਡੀਅਨ | guaridan |
| ਜ਼ੋਨ | zone |
| ਟਰੇਡ | trade |
| ਟਰੈਫ਼ਿਕ | traffic |

ਪੰਤੂ ਕੁਝ ਅਜਿਹੇ ਸ਼ਬਦ ਵੀ ਇਸ ਵਿਚ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਦੇ ਦਰਜ ਕਰਨ ਦਾ ਕੋਈ ਭਾਸ਼ਾਈ ਤਰਕ ਨਹੀਂ ਬਣਦਾ ਕਿਉਂਕਿ ਅਜਿਹੇ ਸ਼ਬਦ ਆਮ ਲੋਕਾਂ ਵਿਚ ਪ੍ਰਚਲਿਤ ਨਹੀਂ। ਇਸ ਲਈ ਪੰਜਾਬੀ ਭਾਸ਼ਾਈ ਪਾਠਕਾਂ ਲਈ ਇਹਨਾਂ ਸ਼ਬਦਾਂ ਨੂੰ ਕੋਸ਼ ਵਿਚ ਸ਼ਾਮਲ ਕਰਨਾ ਬੇਲੋੜਾ ਜਾਪਦਾ ਹੈ ਕਿਉਂਕਿ ਕੋਸ਼ ਦਾ ਪ੍ਰਯੋਗਕਰਤਾ ਕੋਸ਼ ਦੀ ਵਰਤੋਂ ਸ਼ਬਦਾਂ ਦੇ ਸਹੀ ਅਰਥਾਂ, ਸ਼ਬਦ ਰੂਪਾਂ, ਸ਼ਬਦ ਜੋੜਾਂ ਆਦਿ ਦੀ ਸਪੱਸ਼ਟਤਾ ਲਈ ਕਰਦਾ ਹੈ। ਪਰ ਜੇ ਅਜਿਹੇ ਸ਼ਬਦ ਜਿਨ੍ਹਾਂ ਦਾ ਦੋਹਾਂ ਭਾਸ਼ਾਵਾਂ ਵਿਚ ਜਿਉਂ ਦਾ ਤਿਉਂ ਸ਼ਬਦ ਲਿਖਿਆ ਹੋਵੇ, ਅਰਥ ਨੂੰ ਸਪੱਸ਼ਟ ਨਹੀਂ ਕਰਦਾ ਅਤੇ ਨਾ ਹੀ ਇਸ ਨਾਲ ਪ੍ਰਯੋਗਕਰਤਾ ਦੇ ਸ਼ੰਕੇ ਨਿਵਿਰਤ ਹੁੰਦੇ ਹਨ। ਸੋ ਅਜਿਹੇ ਭੰਬਲਭੂਸਿਆਂ ਤੋਂ ਕੋਸ਼ਕਾਰ ਨੂੰ ਗੁਰੇਜ਼ ਕਰਨਾ ਚਾਹੀਦਾ ਹੈ। ਉਦਾਹਰਣ ਵਜੋਂ :

| | |
|---|---|
| ਅਨਾਰਕੀ | Anarchy |
| ਕੰਪਾਸਟ | Compost |
| ਗੈਲਸ | Gallus |
| ਟਵਿੱਲ | Twill |
| ਪਿਕਟ | Picquet; Picket |
| ਪੈਨਜ਼ੀ | Pansy |
| ਯੁਕਲਿਪਟਸ | Eucalyptus |

ਇਸ ਤਰ੍ਹਾਂ ਇਸ ਕੋਸ਼ ਵਿਚ ਅੰਗਰੇਜ਼ੀ ਦੇ ਕੁਝ ਅਜਿਹੇ ਸ਼ਬਦ ਸ਼ਾਮਲ ਕੀਤੇ ਗਏ ਹਨ ਜਿਹੜੇ ਪੰਜਾਬੀ ਭਾਸ਼ਾ ਵਿਚ ਪ੍ਰਚਲਿਤ ਨਹੀਂ ਹਨ ਪਰ ਅੰਗਰੇਜ਼ੀ ਦੇ ਕੁਝ ਅਜਿਹੇ ਸ਼ਬਦ ਜਿਹੜੇ ਆਮ ਲੋਕਾਂ ਵਿਚ ਪ੍ਰਚਲਿਤ ਹਨ ਅਤੇ ਪੰਜਾਬੀ ਭਾਸ਼ਾ ਵਿਚ ਸਥਿਰ ਹੋ ਚੁੱਕੇ ਹਨ, ਜਿਵੇਂ ਸ਼ੇਵ (shave), ਆਂਟੀ, ਅੰਕਲ, ਸਰਿੰਜ ਆਦਿ ਸ਼ਾਮਲ ਨਹੀਂ ਕੀਤੇ ਗਏ।

ਅਸੀਂ ਇਕ ਪੰਜਾਬੀ ਕੋਸ਼ ਨੂੰ ਆਧਾਰ ਬਣਾ ਕੇ ਪੰਜਾਬੀ ਭਾਸ਼ਾ ਵਿਚ ਦੂਸਰੀਆਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਸ਼ਾਮਲ ਕਰਨ ਦੀ ਸਮੱਸਿਆ ਵੱਲ ਧਿਆਨ ਦਿਵਾਇਆ ਹੈ। ਇਹ ਸਮੱਸਿਆ ਇਕੱਲੇ ਪੰਜਾਬੀ ਕੋਸ਼ਾਂ ਦੀ

ਤਿਆਰੀ ਵਿਚ ਹੀ ਨਹੀਂ ਆਉਂਦੀ, ਸਗੋਂ ਕਿਸੇ ਵੀ ਭਾਸ਼ਾ ਦੇ ਕੋਸ਼ ਦੇ ਨਿਰਮਾਣ ਵਿਚ ਦਰਪੇਸ਼ ਆਉਂਦੀ ਹੈ। ਇਸ ਦਾ ਠੀਕ ਹੱਲ ਤਾਂ ਭਾਵੇਂ ਸੰਬੰਧਿਤ ਭਾਸ਼ਾ ਦੇ ਭਾਸ਼ਾਈ ਸਰਵੇਖਣ ਦੁਆਰਾ ਹੀ ਕੱਢਿਆ ਜਾ ਸਕਦਾ ਹੈ।

ਸੋ ਕੋਸ਼ ਨਿਰਮਾਣ ਦੀ ਪ੍ਰੀਕਿਰਿਆ ਦੌਰਾਨ ਕੋਸ਼ ਦੇ ਤਕਨੀਕੀ ਪੱਖ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਕੋਸ਼ੀ ਇਕਾਈਆਂ ਦੀ ਚੋਣ ਕਰਨ, ਉਨ੍ਹਾਂ ਦੀ ਤਰਤੀਬ ਅਤੇ ਅਰਥ ਆਦਿ ਦੇਣ ਵੇਲੇ ਕੋਸ਼ਕਾਰ ਨੂੰ ਬਹੁਤ ਹੀ ਸੰਜੀਦਗੀ ਨਾਲ ਕਾਰਜ ਕਰਨਾ ਪੈਂਦਾ ਹੈ ਅਤੇ ਕਰਨਾ ਚਾਹੀਦਾ ਹੈ। ਪਰ ਅਜੇ ਤਕ ਕਿੰਨ੍ਹਾ ਸ਼ਬਦਾਂ ਨੂੰ ਕੋਸ਼ ਵਿਚ ਸ਼ਾਮਲ ਕਰਨਾ ਹੈ ਅਤੇ ਕਿੰਨ੍ਹਾ ਨੂੰ ਛੱਡਣਾ ਹੈ ਇਸਦਾ ਕੋਈ ਸੈੱਟ ਪੈਰਾਮੀਟਰ ਜਾਂ .......... ਨਹੀਂ ਹੈ। ਇਸ ਲਈ ਜਿਸ ਪੱਧਰ ਅਤੇ ਜਿਹਨਾਂ ਭਾਸ਼ਾਵਾਂ ਦਾ ਕੋਸ਼ ਬਣਾਉਣਾ ਹੋਵੇ, ਉਸ ਨੂੰ ਤੈਅ ਕਰਨ ਤੋਂ ਬਾਅਦ ਹੀ ਉਹਨਾਂ ਭਾਸ਼ਾਵਾਂ ਦੇ ............ ਇਸ ਵਿਚ ਸ਼ਾਮਲ ਕਰਕੇ ਹੀ ਮਿਆਰੀ ਪੱਧਰ ਦਾ ਕੋਸ਼ ਬਣਾਇਆ ਜਾ ਸਕਦਾ ਹੈ ਕਿਉਂਕਿ ਇਹ ਮੰਨਿਆ ਜਾਂਦਾ ਹੈਂ ਕਿ ਉਹ ਭਾਸ਼ਾ ਤੇ ਭਾਸ਼ਾਈ ਵਰਤੋਂ ਦੇ ਮਾਹਿਰ ਹੁੰਦੇ ਹਨ, ਇਸ ਲਈ ਉਹ ਅਜਿਹਾ ਫੈਸਲਾ ਕਰਨ ਦੇ ਸਮਰੱਥ ਹੁੰਦੇ ਹਨ ਕਿ ਦੂਜੀਆਂ ਭਾਸ਼ਾਵਾਂ ਦੇ ਕਿਹੜੇ ਸ਼ਬਦਾਂ ਨੂੰ ਕੋਸ਼ ਵਿਚ ਸ਼ਾਮਲ ਕਰਨਾ ਹੈ ਜਾਂ ਕਿਹੜਿਆਂ ਨੂੰ ਛੱਡਣਾ ਹੈ ? ਇਸ ਸਮੱਸਿਆ ਦੇ ਸਮਾਧਾਨ ਲਈ ਸਾਡੇ ਕੋਲ ਕਿਸੇ ਵਿਗਿਆਨਕ ਆਧਾਰ ਦਾ ਹੋਣਾ ਬਹੁਤ ਜ਼ਰੂਰੀ ਹੈ।

## ਹਵਾਲੇ ਅਤੇ ਟਿਪਣੀਆਂ

1. ਡਾ. ਪ੍ਰੇਮ ਪ੍ਰਕਾਸ਼ ਸਿੰਘ, **ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ**, ਪੰਨਾ 401.
2. ਸੰਤ ਸਿੰਘ ਸੇਖੋਂ, **ਪੰਜਾਬੀ ਬੋਲੀ ਦਾ ਇਤਿਹਾਸ** ਪੰਨਾ 281-82.
3. **ਉਹੀ**, ਪੰਨਾ 298.

◈